# Preetnama

Khara Sach

ਪ੍ਰੀਤਨਾਮਾ

On our English language New WebsiteWWW.PREETNEWS.COM

Website: www.preetnama.com Email preetnamausa@gmail.com

Vol 4, Issue 269 Chief Editor Pritpal Kaur +1 201-312-4180 06 TO 12 September 2024


## ਮਾਂ ਖੇਡ ਕਬੱਡੀ ਦਾ ਅਮਰੀਕਾ ਵਿਚ ਹੋਵੇਗਾ

# ਮਹਾਂ ਮੁਕਾਬਲਾ



# Preetnama

# ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

# ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




Preetnama
Khara Sach
ਪ੍ਰੀਤਨਾਮਾ
ਖਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 269
Website: www.preetnama.com Email preetnamausa@gmail.com
06 TO 12 SEPTEMBER 2024

# ਨਿਊਯਾਰਕ ਮੈਟਰੋ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ 14 ਸਤੰਬਰ ਨੂੰ




ਪੰਜਾਬ ਦੀ ਜਾਈ ਕੱਬਡੀ ਖੇਡ ਨੂੰ ਜਿੱਥੇ ਪੰਜਾਬੀਆਂ ਵੱਲੋਂ ਭਾਰਤ ਅਤੇ ਪੰਜਾਬ ਵਿੱਚ ਅਥਾਹ ਪਿਆਰ ਦਿੱਤਾ ਜਾਂਦਾ ਹੈ ਉੱਥੇ ਹੀ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਇਸ ਖੇਡ ਨੂੰ ਇੰਟਰਨੈਸ਼ਨਲ ਪੱਧਰ ‘ਤੇ ਮਜਬੂਤ ਕੀਤਾ ਹੈ।ਪੰਜਾਬੀ ਭਾਈਚਾਰੇ ਦੀ ਬਦੌਲਤ ਅੱਜ ਕਬੱਡੀ ਦੀ ਚੜਤ ਪੂਰੇ ਵਿਸ਼ਵ ਵਿੱਚ ਹੈ। ਕਬੱਡੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਹੈ। ਪੰਜਾਬ ਦੀ ਕਬੱਡੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ। ਜਿਨਾਂ ਨੇ ਦੁਨੀਆਂਭਰ ‘ਚ ਨਾਮ ਕਮਾਇਆ ਹੈ।ਅਮਰੀਕਾ ਵਸਦੇ ਪੰਜਾਬੀ ਵੀ ਮਾਂ-ਖੇਡ ਕਬੱਡੀ ਨਾਲ ਅਥਾਹ ਪਿਆਰ ਕਰਦੇ ਨੇ,ਇਸੇ ਸਦੰਰਵ ਵਿੱਚ ਨਿਊਯਾਰਕ ਮੈਟਰੋ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ 14 ਸਤੰਬਰ ਨੂੰ ‘ਮਿਚਲ ਫਿਲਡ ਅਥਲੀਟਿਕਸ ਕੰਪਲੈਕਸ, A charles lindbergh avenue uniondale. NY 11553 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਐਂਟਰੀ ਬਿਲਕੁਲ ਮੁਫਤ ਹੈ। ਅਤੇ ਟੂਰਨਾਮੈਂਟ ਲਈ ਫਰੀ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ ਹੈ।ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਕਿ ਇਸ ਟੂਰਨਾਮੈਂਟ ਵਿੱਚ ਬੈਸਟ ਰੇਡਰ ਅਤੇ ਬੈਸਟ ਸਟਾਪਰ ਨੂੰ ਫੋਰਡ ਟਰੈਕਟਰ ਦੇ ਕੇ ਸਨਮਾਨਿਆ ਜਾਵੇਗਾ। ਇਸ ਟੂਰਨਾਮੈਂਟ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਬਾਰੇ ਪ੍ਰਬਧਕਾਂ ਨੇ ਕਿਹਾ ਕਿ ਪੰਜਾਬੀ ਹਮੇਸ਼ਾਂ ਤੋਂ ਹੀ ਖੇਡਾਂ ਦੇ ਖੇਤਰ ‘ਚ ਵੱਡੀਆਂ ਮੱਲਾਂ ਮਾਰਦੇ ਆਏ ਹਨ। ਦੁਨੀਆਂ ਦੀਆਂ ਵੱਡੀਆਂ ਖੇਡਾਂ ‘ਚ ਪੰਜਾਬੀਆਂ ਦੇ ਨਾਮ ਕਈ ਰਿਕਾਰਡ ਵੀ ਹਨ ਪਰ ਪੰਜਾਬੀਆਂ ਦਾ ਮੁੱਢ ਤੋਂ ਹੀ ਜੋਸ਼ ‘ਤੇ ਜ਼ੋਰ ਵਾਲੀਆਂ ਖੇਡਾਂ ਵੱਲ ਖਾਸ ਰੁਝੇਵੇਂ ਰਿਹਾ ਹੈ। ਜਿੰਨ੍ਹਾਂ ‘ਚ ਕੁਸ਼ਤੀ, ਅਤੇ ਕਬੱਡੀ ਦੋ ਅਹਿਮ ਖੇਡਾਂ ਰਹੀਆਂ ਹਨ। ਇਹਨਾਂ ‘ਚੋਂ ਕਬੱਡੀ ਖੇਡ ਅੱਜ ਪੰਜਾਬੀਆਂ ਵੱਲੋਂ ਪੂਰੀ ਦੁਨੀਆਂ ‘ਚ ਖੇਡੀ ਜਾ ਰਹੀ ਹੈ। ਪੰਜਾਬ ਦੀ ਮਾਂ ਖੇਡ ਕਬੱਡੀ ਜਿਹੜੀ ਪੰਜਾਬੀਆਂ ਦੇ ਰਗ ਰਗ ‘ਚ ਦੌੜਦੀ ਹੈ।ਕਬੱਡੀ ਖੇਡ ਪਿੰਡਾਂ ਦੇ ਮੈਦਾਨਾਂ ਤੋਂ ਲੈ ਕੇ ਅੱਜ ਦੁਨੀਆਂ ਦੇ ਵੱਡੇ ਵੱਡੇ ਮੈਦਾਨਾਂ ‘ਚ ਖੇਡੀ ਜਾਂਦੀ ਹੈ। ਜਿਕਰਯੋਗ ਹੈ ਕਿ ਪੰਜਾਬ ਸਟਾਈਲ ਕਬੱਡੀ ਨੂੰ ਸਰਕਲ ਸਟਾਈਲ ਕਬੱਡੀ ਵੀ ਕਿਹਾ ਜਾਂਦਾ ਹੈ। ਪੰਜਾਬ ਸਟਾਈਲ ਕਬੱਡੀ ਦੇ ਹੁਣ ਤੱਕ 6 ਵਰਲਡ ਕੱਪ ਵੀ ਹੋ ਚੁੱਕੇ ਹਨ। ਜਿੰਨ੍ਹਾਂ ‘ਚ ਦੁਨੀਆਂ ਭਰ ਦੇ ਦੇਸੀ ਵਿਦੇਸ਼ੀ ਖਿਡਾਰੀ ਵੀ ਖੇਡ ਚੁੱਕੇ ਹਨ। ਆਖ਼ਿਰੀ ਵਰਲਡ ਕੱਪ 2016 ‘ਚ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਸੀ। ਕਬੱਡੀ ‘ਚ ਕਈ ਖਿਡਾਰੀਆਂ ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ।ਜਿੰਨ੍ਹਾਂ ‘ਚ ਕੁਝ ਦੇ ਨਾਮ ਅਸੀਂ ਅੱਜ ਤੁਹਨੂੰ ਦੱਸਣ ਜਾ ਰਹੇ ਹਾਂ। ਜਲੰਧਰ ਦੇ ਛੋਟੇ ਜਿਹੇ ਪਿੰਡ ਜਲਾਲਪੁਰ ਤੋਂ ਆਉਂਦਾ ਪਾਲਾ ਜਲਾਲਪੁਰ ਅੱਜ ਕਬੱਡੀ ਦੇ ਕਿੰਗ ਦੇ ਨਾਮ ਨਾਲ ਮਸ਼ਹੂਰ ਹੈ।ਪਾਲਾ ਜਲਾਪੁਰੀਆ ਜਾਫੀ ਹੈ ਜਿਸ ਨੇ ਕਹਿੰਦੇ ਕਹਾਉਂਦੇ ਖਿਡਾਰੀਆਂ ਨੂੰ ਜੱਫੇ ਲਾਏ ਹਨ। ਪਾਲਾ ਜਲਾਪੁਰੀਆ ਨੇ ਹੁਣ ਤੱਕ ਦੇ ਆਪਣੇ ਕਬੱਡੀ ਕੈਰੀਅਰ ‘ਚ 80 ਦੇ ਕਰੀਬ ਮੋਟਰਸਾਈਕਲ ਜਿੱਤੇ ਹਨ। ਜਿੰਨ੍ਹਾਂ ‘ਚੋਂ 35 ਬੁਲੇਟ ਮੋਟਰਸਾਈਕਲ ਹਨ। ਇਸ ਤੋਂ ਇਲਾਵਾ 2 ਟਰੈਕਟਰ , 5 ਗੱਡੀਆਂ 1 ਕੰਬਾਈਨ ਅਤੇ ਘੋੜੇ ਤੇ ਮੱਜਾਂ ਵੀ ਜਿੱਤ ਚੁੱਕੇ ਹਨ। ਅਗਲਾ ਨਾਮ ਆਉਂਦਾ ਹੈ ਖੁਸ਼ਦੀਪ ਸਿੰਘ। ਖੁਸ਼ੀ ਦੁੱਗਾਂ ਦੇ ਨਾਮ ਨਾਲ ਮਸ਼ਹੂਰ ਇਸ ਉਚੇ ਲੰਮੇ ਗੱਭਰੂ ਦੀ ਕਬੱਡੀ ਦੀ ਦੁਨੀਆਂ ‘ਚ ਅੰਤਾਂ ਦੀ ਫੈਨ ਫਾਲੋਵਿੰਗ ਹੈ। ਦੁਗਾਂ ਪਿੰਡ ਤੋਂ ਆਉਂਦਾ ਖੁਸ਼ੀ ਦੁਗਾਂ ਦੁਨੀਆਂ ਦਾ ਟਾਪ ਦਾ ਜਾਫੀ ਖਿਡਾਰੀ ਹੈ।ਖੁਸ਼ੀ ਦੁੱਗਾਂ ਨੇ ਆਪਣੇ ਪਿੰਡ ਦਾ ਤਾਂ ਨਾਮ ਚਮਕਾਇਆ ਹੈ , ਉੱਥੇ ਹੀ ਪੰਜਾਬੀਆਂ ਦਾ ਨਾਮ ਵੀ ਰੌਸ਼ਨ ਕੀਤਾ ਹੈ। ਖੁਸ਼ੀ ਦੁੱਗਾਂ ਨੇ 70 ਦੇ ਕਰੀਬ ਮੋਟਰਸਾਈਕਲ ਜਿੱਤੇ ਹਨ। ਜੇਕਰ ਟਰੈਕਟਰਾਂ ਦੀ ਗੱਲ ਕਰੀਏ ਤਾਂ ਖੁਸ਼ੀ ਦੁੱਗਾਂ ਹੁਣ ਤੱਕ 3 ਟਰੈਕਟਰ ਜਿੱਤ ਚੁੱਕੇ ਹਨ। ਖੁਸ਼ੀ ਦੁੱਗਾਂ ਕਬੱਡੀ ਵਰਡਲ ਕੱਪ ‘ਚ ਵੀ ਬੈਸਟ ਜਾਫੀ ਰਹਿ ਚੁੱਕਿਆ ਹੈ ‘ਤੇ ਇਨਾਮ ਦੇ ਤੌਰ ‘ਤੇ ਟਰੈਕਟਰ ਜਿੱਤ ਚੁੱਕੇ ਹਨ। ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ ਖੁਸ਼ੀ ਦੁੱਗਾਂ ਨੂੰ ਹੁਣ ਤੱਕ 3 ਗੱਡੀਆਂ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਖੁਸ਼ੀ ਦੁੱਗਾਂ 25 ਤੋਂ 30 ਦੇ ਵਿੱਚ ਸੋਨੇ ਦੀਆਂ ਮੁੰਦੀਆਂ ਤੇ ਨੁੱਕਰੀ ਘੋੜੀਆਂ ‘ਤੇ ਮੱਝਾਂ ਵੀ ਜਿੱਤ ਚੁੱਕਿਆ ਹੈ।

## ਅਮਰੀਕਾ ਅਤੇ ਕਬੱਡੀ

ਅਮਰੀਕਾ ਵਿੱਚ ਕਬੱਡੀ ਇੱਕ ਨਵਾਂ ਅਤੇ ਉਧਾਰਨਤਮ ਖੇਡ ਹੈ ਜੋ ਹਾਲੀ ਵਿੱਚ ਧੀਰੇ-ਧੀਰੇ ਵਧ ਰਹੀ ਹੈ। ਅਮਰੀਕਾ ਵਿੱਚ ਇਸ ਖੇਡ ਦੀ ਪਹੁੰਚ ਅਤੇ ਪ੍ਰਸਾਰ ਲਈ ਕੁਝ ਮੁੱਖ ਅਸਪੈਕਟ ਹਨ:

**ਬੇਲਡਿੰਗ ਅਤੇ ਅਨਵੈਲਪਮੈਂਟ:** ਅਮਰੀਕਾ ਵਿੱਚ ਕਬੱਡੀ ਬਹੁਤ ਜ਼ਿਆਦਾ ਪ੍ਰਸਿੱਧ ਨਹੀਂ ਹੈ ਅਤੇ ਇਸ ਦੇ ਨਾਲ ਖੇਡਾਂ ਵਿੱਚ ਵੀ ਸਥਾਨਕ ਮੰਚ ਤੇ ਖੇਡਨ ਵਾਲੇ ਲੋਕ ਬਹੁਤ ਘੱਟ ਹਨ। ਹਾਲਾਂਕਿ ਕੁਝ ਗਿਣਤੀ ਦੇ ਕਬੱਡੀ ਟੂਰਨਾਮੈਂਟ ਅਤੇ ਪ੍ਰੋਗਰਾਮ ਹੋ ਰਹੇ ਹਨ, ਇਹ ਖੇਡ ਅਜੇ ਵੀ ਇੱਕ ਨਵੀਂ ਅਤੇ ਅਜੀਬ ਖੇਡ ਮੰਨੀ ਜਾਂਦੀ ਹੈ।

ਆਬਾਦੀ ਅਤੇ ਭਾਰਤੀ ਮਾਈਗਰੇਟਸ: ਅਮਰੀਕਾ ਵਿੱਚ ਭਾਰਤੀ ਅਤੇ ਸਾਊਥ ਏਸ਼ੀਅਨ ਵਸਤੀਆਂ ਦੇ ਬਾਵਜੂਦ, ਕਬੱਡੀ ਦੇ ਪ੍ਰਸਾਰ ਨੂੰ ਵਧਾਊਣ ਲਈ ਵੱਡੇ ਯਤਨ ਕਰਨ ਦੀ ਲੋੜ ਹੈ। ਭਾਰਤੀ ਕਮਿਊਨਿਟੀ ਇਸ ਖੇਡ ਨੂੰ ਅਮਰੀਕਾ ਵਿੱਚ ਪ੍ਰਚਾਰ ਕਰਨ ਵਿੱਚ ਯੋਗਦਾਨ ਪਾ ਰਹੀ ਹੈ ਅਤੇ ਕਈ ਵਾਰ ਸਮਾਰੋਹ ਅਤੇ ਕਬੱਡੀ ਟੂਰਨਾਮੈਂਟ ਦਾ ਆਯੋਜਨ ਕਰਦੀ ਹੈ।

ਸਰਕਾਰੀ ਅਤੇ ਸੱਭਿਆਚਾਰਿਕ ਢਾਂਚਾ: ਅਮਰੀਕਾ ਵਿੱਚ ਕਬੱਡੀ ਨੂੰ ਸਿੱਖਣ ਅਤੇ ਖੇਡਣ ਲਈ ਕੁਝ ਸੱਭਿਆਚਾਰਿਕ ਸੈਂਟਰ ਅਤੇ ਐਥਲੀਟਿਕ ਕਲੱਬ ਵੀ ਹਨ। ਕੁਝ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਕਬੱਡੀ ਨੂੰ ਆਪਣੇ ਸਪੋਰਟਸ ਕਾਰਜਕ੍ਰਮਾਂ ਵਿੱਚ ਸ਼ਾਮਲ ਕੀਤਾ ਹੈ ਅਤੇ ਵਿਦਿਆਰਥੀਆਂ ਨੂੰ ਇਸ ਖੇਡ ਦੇ ਰੂਪਾਂ ਵਿੱਚ ਪਹਚਾਣ ਕਰਵਾਉਣ ਲਈ ਕੋਸ਼ਿਸ਼ ਕਰ ਰਹੇ ਹਨ।

ਆਨਲਾਈਨ ਅਤੇ ਮੀਡੀਆ ਅਦਾਇਗੀ: ਕਬੱਡੀ ਦੀ ਪ੍ਰਸਿੱਧੀ ਵਿੱਚ ਵਾਧਾ ਕਰਨ ਅਤੇ ਲੋਕਾਂ ਨੂੰ ਖੇਡ ਨਾਲ ਜਾਣੂ ਕਰਨ ਲਈ ਆਨਲਾਈਨ ਮੀਡੀਆ, ਸਮਾਜਿਕ ਮੀਡੀਆ ਪਲੇਟਫਾਰਮ, ਅਤੇ ਟੈਲੀਵੀਜ਼ਨ ਪ੍ਰਸਾਰਣ ਯੋਗਦਾਨ ਪਾ ਰਹੇ ਹਨ। ਕਬੱਡੀ ਦੀ ਵਿਡੀਓਆਂ ਅਤੇ ਲਾਈਵ ਟੂਰਨਾਮੈਂਟ ਸਟ੍ਰੀਮਿੰਗ ਦੀ ਵਰਤੋਂ ਕਰਕੇ ਵਧੇਰੇ ਲੋਕਾਂ ਨੂੰ ਇਸ ਖੇਡ ਦੇ ਨਾਲ ਪਛਾਣ ਹੋ ਰਹੀ ਹੈ।

ਵਿਸ਼ਵ ਖੇਡਾਂ ਅਤੇ ਅੰਤਰਰਾਸ਼ਟਰੀ ਸਹਿਯੋਗ: ਕਬੱਡੀ ਦੀ ਅੰਤਰਰਾਸ਼ਟਰੀ ਸਹਿਯੋਗ ਵੀ ਅਮਰੀਕਾ ਵਿੱਚ ਇਸ ਖੇਡ ਦੇ ਪ੍ਰਸਾਰ ਵਿੱਚ ਸਹਾਇਕ ਹੈ। ਖੇਡ ਦੇ ਵਿਸ਼ਵ ਸੈਮੇਤ ਅਤੇ ਅੰਤਰਰਾਸ਼ਟਰੀ ਮੁਕਾਬਲੇ ਲੋਕਾਂ ਨੂੰ ਇਸ ਖੇਡ ਵਿੱਚ ਦਿਲਚਸਪੀ ਰੱਖਣ ਲਈ ਉਤਸ਼ਾਹਿਤ ਕਰਦੇ ਹਨ। ਅਮਰੀਕਾ ਵਿੱਚ ਕਬੱਡੀ ਨੂੰ ਅਜੇ ਵੀ ਵਿਕਸਿਤ ਕਰਨ ਦੀ ਜ਼ਰੂਰਤ ਹੈ, ਪਰ ਸਮੇਂ ਦੇ ਨਾਲ ਇਹ ਖੇਡ ਵਧੇਰੇ ਲੋਕਪ੍ਰਿਯ ਹੋ ਸਕਦੀ ਹੈ ਜੇਕਰ ਇਸਦੇ ਪ੍ਰਸਾਰ ਅਤੇ ਸਿੱਖਣ ਲਈ ਹੋਰ ਯਤਨ ਕੀਤੇ ਜਾਣ।



# Preetnama

# ਪ੍ਰੀਤਨਾਮਾ

Khara Sach

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# ਮਾਂ ਖੇਡ ਕਬੱਡੀ

ਪਾਕਿਸਤਾਨ ਵਿੱਚ ਕਬੱਡੀ ਦੀ ਸਥਿਤੀ ਅਤੇ ਮਹੱਤਤਾ ਪੰਜਾਬ ਦੇ ਵੱਖ-ਵੱਖ ਹਿੱਸਿਆਂ ਦੇ ਤਰ੍ਹਾਂ ਹੀ ਹੈ, ਪਰ ਇਸ ਦੇ ਅੰਦਰ ਕੁਝ ਖਾਸ ਫਰਕ ਹਨ ਜੋ ਇਸ ਖੇਡ ਨੂੰ ਪਾਕਿਸਤਾਨ ਵਿੱਚ ਵਿਲੱਖਣ ਬਣਾਉਂਦੇ ਹਨ:

ਤਰੀਕਾ ਅਤੇ ਰੂਪ: ਪਾਕਿਸਤਾਨ ਵਿੱਚ ਕਬੱਡੀ ਦੋ ਮੁੱਖ ਰੂਪਾਂ ਵਿੱਚ ਖੇਡੀ ਜਾਂਦੀ ਹੈ: ਇੱਕ ਤਰਫ਼ ਪੰਨਜਾਬੀ ਕਬੱਡੀ, ਜੋ ਕਿ ਪੰਜਾਬ ਦੇ ਖੇਤਰਾਂ ਵਿੱਚ ਪ੍ਰਸਿੱਧ ਹੈ ਅਤੇ ਦੂਜੀ ਤਰਫ਼ ਕਬੱਡੀ ਦੇ ਆਧੁਨਿਕ ਰੂਪ, ਜਿਸਨੂੰ ਆਮ ਤੌਰ ਤੇ ਕਬੱਡੀ ਕਿਹਾ ਜਾਂਦਾ ਹੈ ਅਤੇ ਜੋ ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਖੇਡੀ ਜਾਂਦੀ ਹੈ।

ਸਥਾਨਕ ਟੂਰਨਾਮੈਂਟ ਅਤੇ ਲੀਗਾਂ: ਪਾਕਿਸਤਾਨ ਵਿੱਚ ਵੀ ਕਬੱਡੀ ਦੇ ਬਹੁਤ ਸਾਰੇ ਟੂਰਨਾਮੈਂਟ ਹੁੰਦੇ ਹਨ ਜਿਨ੍ਹਾਂ ਵਿੱਚ ਨਕਦ ਇਨਾਮ ਅਤੇ ਇਨਾਮੀ ਰਕਮ ਹੁੰਦੇ ਹਨ। ਇਨ੍ਹਾਂ ਟੂਰਨਾਮੈਂਟਾਂ ਵਿੱਚ ਨਿਯਮਤ ਵਿੱਤਿਆਤ ਅਤੇ ਖਿਡਾਰੀ ਦਰਸ਼ਕਾਂ ਦੀ ਬੜੀ ਸੰਖਿਆ ਹੁੰਦੀ ਹੈ। ਲੀਗਾਂ ਅਤੇ ਟੂਰਨਾਮੈਂਟਾਂ ਦੇ ਜ਼ਰੀਏ ਖਿਡਾਰੀ ਨੂੰ ਮੰਚ ਮਿਲਦਾ ਹੈ ਅਤੇ ਖੇਡ ਦੀ ਪ੍ਰਸਿੱਧੀ ਵਧਦੀ ਹੈ।

ਸਿਆਸੀ ਅਤੇ ਸੰਸਕਾਰਿਕ ਅਹਿਮੀਅਤ: ਪਾਕਿਸਤਾਨ ਵਿੱਚ ਵੀ ਕਬੱਡੀ ਕਈ ਵਾਰ ਸਿਆਸੀ ਅਤੇ ਸੰਸਕਾਰਿਕ ਮੰਚਾਂ ਵਿੱਚ ਅੰਮਲਿਤ ਹੁੰਦੀ ਹੈ। ਲੋਕ ਕਬੱਡੀ ਦੇ ਮੇਲਿਆਂ ਵਿੱਚ ਆਪਣੀ ਸੱਭਿਆਚਾਰਿਕ ਸਨਮਾਨ ਨੂੰ ਦਰਸਾਉਂਦੇ ਹਨ ਅਤੇ ਕਬੱਡੀ ਨੂੰ ਆਪਣੇ ਸਮਾਜਿਕ ਅਤੇ ਸੱਭਿਆਚਾਰਿਕ ਅਹਿਮੀਅਤ ਦੇ ਤੌਰ @ਤੇ ਦੇਖਦੇ ਹਨ।

ਆਧੁਨਿਕ ਪ੍ਰਭਾਵ: ਪਾਕਿਸਤਾਨ ਵਿੱਚ ਕਬੱਡੀ ਨੂੰ ਆਧੁਨਿਕ ਵਧਾਰਾ ਮਿਲ ਰਿਹਾ ਹੈ। ਖੇਡਾਂ ਦੇ ਮੈਦਾਨਾਂ @ਤੇ ਖਿਡਾਰੀ ਆਮ ਤੌਰ @ਤੇ ਪੇਸ਼ੇਵਰ ਖਿਡਾਰੀ ਹੁੰਦੇ ਹਨ ਅਤੇ ਕਬੱਡੀ ਨੂੰ ਅੰਤਰਰਾਸ਼ਟਰੀ ਪੱਧਰ @ਤੇ ਮਾਨਤਾ ਮਿਲ ਰਹੀ ਹੈ। ਇਹ ਖੇਡ ਨਵੇਂ ਪੀੜ੍ਹੀ ਵਿੱਚ ਵੀ ਆਕਰਸ਼ਣ ਦਾ ਮਾਧਿਅਮ ਬਣ ਚੁਕੀ ਹੈ।

ਸਰਕਾਰੀ ਅਤੇ ਪ੍ਰਾਈਵੇਟ ਯਤਨ: ਪਾਕਿਸਤਾਨ ਸਰਕਾਰ ਅਤੇ ਕੁਝ ਪ੍ਰਾਈਵੇਟ ਸੰਸਥਾਵਾਂ ਕਬੱਡੀ ਦੇ ਪ੍ਰਸਾਰ ਅਤੇ ਵਿਕਾਸ ਲਈ ਕੰਮ ਕਰਦੀਆਂ ਹਨ। ਇਸ ਦੇ ਨਾਲ ਹੀ, ਕਬੱਡੀ ਦੇ ਮਿਆਰੀ ਢਾਂਚੇ ਅਤੇ ਸਪੋਰਟਸ ਅਸੋਸੀਏਸ਼ਨਾਂ ਨੇ ਇਸ ਖੇਡ ਨੂੰ ਵਿਕਸਿਤ ਕਰਨ ਅਤੇ ਨਵੀਂ ਉਚਾਈਆਂ @ਤੇ ਲਿਜਾਣ ਦੀ ਕੋਸ਼ਿਸ਼ ਕੀਤੀ ਹੈ।

ਕਬੱਡੀ ਪਾਕਿਸਤਾਨ ਵਿੱਚ ਸਿਰਫ ਇੱਕ ਖੇਡ ਹੀ ਨਹੀਂ, ਸਗੋਂ ਲੋਕਾਂ ਦੀ ਸੱਭਿਆਚਾਰਿਕ ਪਛਾਣ ਅਤੇ ਆਤਮ-ਗਰਵ ਦੀ ਸੰਬੰਧਿਤ ਹੈ।

ਪੰਜਾਬ ਵਿੱਚ ਕਬੱਡੀ ਸਿਰਫ ਇੱਕ ਖੇਡ ਨਹੀਂ, ਸਗੋਂ ਇੱਕ ਸੱਭਿਆਚਾਰਿਕ ਵਿਰਾਸਤ ਹੈ। ਪੰਜਾਬੀ ਸੱਭਿਆਚਾਰ ਵਿੱਚ ਕਬੱਡੀ ਦਾ ਇਕ ਵਿਸ਼ੇਸ਼ ਸਥਾਨ ਹੈ ਅਤੇ ਇਹ ਖੇਡ ਬਹੁਤ ਹੀ ਲੋਕਪ੍ਰਿਯ ਹੈ। ਕਬੱਡੀ ਦੀ ਖੇਡ ਅਮੂਮਨ ਖੇਡਾਂ ਦੀਆਂ ਕੁਝ ਅਮਲਕ ਦਿਸ਼ਾਵਾਂ ਦੀ ਪਾਲਣਾ ਕਰਦੀ ਹੈ:

ਪ੍ਰਾਚੀਨ ਉਤਪੱਤੀ: ਕਬੱਡੀ ਦੀ ਖੇਡ ਦਾ ਇਤਿਹਾਸ ਕਾਫੀ ਪ੍ਰਾਚੀਨ ਹੈ ਅਤੇ ਇਹ ਭਾਰਤ ਵਿੱਚ ਵੱਖ-ਵੱਖ ਇਤਿਹਾਸਕ ਸਮੇਂ ਵਿੱਚ ਖੇਡੀ ਜਾਂਦੀ ਰਹੀ ਹੈ। ਪੰਜਾਬ ਵਿੱਚ, ਇਹ ਖੇਡ ਬੱਚਿਆਂ ਅਤੇ ਵੱਡਿਆਂ ਵਿੱਚ ਬਹੁਤ ਪ੍ਰਸਿੱਧ ਹੈ ਅਤੇ ਇਸਦੀ ਖੇਡ ਨੇ ਸੱਭਿਆਚਾਰਿਕ ਅਹਿਮੀਅਤ ਰੱਖਦੀ ਹੈ।

ਸਥਾਨਕ ਟੂਰਨਾਮੈਂਟ: ਪੰਜਾਬ ਵਿੱਚ ਕਬੱਡੀ ਦੇ ਵਿਸ਼ੇਸ਼ ਟੂਰਨਾਮੈਂਟ ਹੁੰਦੇ ਹਨ ਜਿਨ੍ਹਾਂ ਵਿੱਚ ਪਿੰਡਾਂ ਦੇ ਬੱਚੇ, ਨੌਜਵਾਨ ਅਤੇ ਅਕਸਰ ਪੇਸ਼ੇਵਰ ਖਿਡਾਰੀ ਭਾਗ ਲੈਂਦੇ ਹਨ। ਇਹ ਟੂਰਨਾਮੈਂਟ ਸਾਲਾਨਾ ਹੁੰਦੇ ਹਨ ਅਤੇ ਆਮ ਤੌਰ @ਤੇ ਉਨ੍ਹਾਂ ਵਿੱਚ ਵੱਡੀ ਸੰਖਿਆ ਵਿੱਚ ਦਰਸ਼ਕਾਂ ਦੀ ਹਾਜ਼ਰੀ ਹੁੰਦੀ ਹੈ।

ਸੱਭਿਆਚਾਰਿਕ ਅਹਿਮੀਅਤ: ਪੰਜਾਬੀ ਗਾਣਿਆਂ ਅਤੇ ਫਿਲਮਾਂ ਵਿੱਚ ਵੀ ਕਬੱਡੀ ਦੀ ਪ੍ਰਸਿੱਧੀ ਦਰਸਾਈ ਜਾਂਦੀ ਹੈ। ਕਬੱਡੀ ਦੀ ਖੇਡ ਪੌਣ ਅਤੇ ਤਾਕਤ ਦੇ ਪ੍ਰਤੀਕ ਵਜੋਂ ਵੇਖੀ ਜਾਂਦੀ ਹੈ ਅਤੇ ਇਹ ਬਹੁਤ ਸਾਰੀਆਂ ਖੇਡਾਂ ਦੀ ਤਰ੍ਹਾਂ, ਪੰਜਾਬੀ ਸਮਾਜ ਦੇ ਜੀਵਨ ਦਾ ਹਿੱਸਾ ਹੈ।

ਸਰਕਾਰੀ ਅਤੇ ਲੋਕਲ ਮਦਦ: ਪੰਜਾਬ ਸਰਕਾਰ ਅਤੇ ਸਥਾਨਕ ਸੰਸਥਾਵਾਂ ਕਬੱਡੀ ਦੇ ਪ੍ਰਸਾਰ ਅਤੇ ਵਿਕਾਸ ਲਈ ਕਈ ਪ੍ਰੋਗ੍ਰਾਮਾਂ ਅਤੇ ਇਵੈਂਟਾਂ ਦੀ ਆਯੋਜਨਾ ਕਰਦੀਆਂ ਹਨ। ਇਸ ਨਾਲ ਨਾ ਸਿਰਫ ਖਿਡਾਰੀ ਵਧੀਕ ਮੌਕੇ ਪ੍ਰਾਪਤ ਕਰਦੇ ਹਨ, ਬਲਕਿ ਸਥਾਨਕ ਸਮਾਜ ਵਿਚ ਇਹ ਖੇਡ ਵਧੇਰੇ ਲੋਕਪ੍ਰਿਯਤਾ ਪ੍ਰਾਪਤ ਕਰਦੀ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਬੱਡੀ ਪੰਜਾਬੀ ਸੱਭਿਆਚਾਰ ਵਿੱਚ ਸਿਰਫ ਇੱਕ ਖੇਡ ਹੀ ਨਹੀਂ, ਸਗੋਂ ਇੱਕ ਤਰ੍ਹਾਂ ਦਾ ਜੀਵਨ ਅੰਗ ਹੈ ਜੋ ਸੱਤਾਈ ਅਤੇ ਸੱਚਾਈ ਦੀ ਪ੍ਰਤੀਕ ਹੈ।



Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 269
Website: www.preetnama.com Email preetnamausa@gmail.com
06 TO 12 SEPTEMBER 2024



# ਮਜ਼ਦੂਰ ਦਿਵਸ (Labor Day)

ਮਨਮੋਹਨ ਪੂਨੀ
(ਨਿਊਯਾਰਕ)

ਧਰਤੀ ਉੱਤੇ ਵੱਸਦੇ ਸਾਰੇ ਦੇ ਸਾਰੇ ਦੇਸ਼ ਚਾਹੇ ਉਹ ਪੂਰੀ ਤਰ੍ਹਾਂ ਵਿਕਸਤ ਹਨ ਜਾਂ ਫਿਰ ਵਿਕਸਤ ਹੋ ਰਹੇ ਹਨ। ਕਿਰਤੀ ਵਰਗ ਦੀ ਹੀ ਦੇਣ ਹਨ। ਚੜ੍ਹਦੇ ਸੂਰਜ ਦੀ ਲੋਅ (Dawn ) ਤੋਂ ਲਹਿੰਦੇ ਸੂਰਜ ਦੀ ਮੱਧਮ ਲੋਅ (Dusk) ਤੱਕ ਕੰਮ ਕਰਦੇ ਮਜ਼ਦੂਰਾਂ ਦੀ ਦਿਹਾੜੀ ਦੀ ਥਾਂ ਕੰਮ ਦਾ ਸਮਾਂ ਅੱਠ ਘੰਟੇ ਹੋਵੇ। ਦੁਨੀਆ ਭਰ ਦੇ ਮਜ਼ਦੂਰਾਂ ਵੱਲੋਂ ਕੀਤੇ ਲੰਬੇ ਸੰਘਰਸ਼ ਬਾਅਦ ਸੰਨ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਇੱਕ ਦਿਨ ਦਾ ਕੰਮ 8 ਘੰਟੇ ਅਤੇ ਹਫ਼ਤੇ ਦਾ ਕੰਮ 40 ਘੰਟੇ ਹੋਵੇ ਦੀ ਜਿੱਤ ਹੋਈ ਸੀ। ਯਾਦ ਰਹੇ ਦਿਹਾੜੀ ਨੂੰ ਸਮਾਂ ਬੱਧ ਕਰਨ ਦੀ ਲੜਾਈ 1816 ਤੋਂ ਪਹਿਲਾਂ ਯੂਰਪੀ ਦੇਸ਼ਾਂ ਤੋਂ ਸ਼ੁਰੂ ਹੋਈ ਸੀ ਜੋ ਮਜ਼ਦੂਰਾਂ ਦੇ ਖ਼ੂਨ ਵਹਾਉਣ ਅਤੇ ਕੁਰਬਾਨੀਆਂ ਨਾਲ ਚਾਰ ਮਈ 1886 ਮਜ਼ਦੂਰਾਂ ਦੀ ਜਿੱਤ ਨਾਲ ਮੁੱਕੀ ਸੀ।ਜਿਸ ਨੂੰ ਸ਼ਿਕਾਗੋ ਦੀ ਘਾਹ-ਮੰਡੀ ਕਾਂਡ (Heymarket riot ) ਵੀ ਕਿਹਾ ਜਾਂਦਾ ਹੈ ਕਿਉਂਕਿ ਹੱਕੀ ਮੰਗਾਂ ਦੀ ਲੜਾਈ ਲੜ ਰਹੇ ਮਜ਼ਦੂਰਾਂ ਉੱਤੇ ਹਾਕਮ ਦੀ ਲੱਠ-ਮਾਰ ਪੁਲੀਸ ਨੇ ਬੰਬ ਸੁੱਟਿਆ ਸੀ ਜਿਸ ਵਿੱਚ ਕਈ ਮਜ਼ਦੂਰ ਸ਼ਹੀਦ ਹੋਏ ਅਤੇ ਇੱਕ ਪੁਲਿਸ ਅਫ਼ਸਰ ਵੀ ਮਾਰਿਆ ਗਿਆ ਸੀ। ਦੁਨੀਆ ਦੇ 195 ਦੇਸ਼ਾਂ ਵਿੱਚੋਂ 175 ਤੋਂ ਵੱਧ ਦੇਸ਼ਾਂ ਵਿੱਚ ਕਿਰਤੀ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਮਜ਼ਦੂਰ ਦਿਵਸ ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇੰਨ੍ਹਾ ਦੇਸ਼ਾਂ ਦੀਆਂ ਅਗਾਂਹ-ਵਧੂ ਮਜ਼ਦੂਰ ਜਥੇਬੰਦੀਆਂ ਪਹਿਲੀ ਮਈ ਦੇ ਮਜ਼ਦੂਰ ਇਤਿਹਾਸ ਨੂੰ ਵੀ ਯਾਦ ਕਰਦੀਆਂ ਹਨ। ਕਿਰਤੀ ਵਰਗ ਵਲੋਂ ਕੀਤੇ ਸੰਘਰਸ਼ਾਂ ਨਾਲ ਮਿਲੀਆਂ ਜਿੱਤਾਂ ਨੂੰ ਕਾਇਮ ਜਾਂ ਬਰਕਰਾਰ ਰੱਖਣ ਲਈ ਪਹਿਰਾ ਦੇਣ ਅਤੇ ਯਾਦ ਰੱਖਣ ਦਾ ਸੰਘਰਸ਼ ਜ਼ਰੂਰੀ ਹੈ।

ਸਤੰਬਰ 5, 1882 ਨੂੰ ਅਮਰੀਕਾ ਦੇ ਸ਼ਹਿਰ ਮੈਨਹਾਟਨ ( ਨਿਊਯਾਰਕ ) ਵਿੱਚ ਯੂਨੀਅਨ ਸੁਕੇਅਰ ਨਾਮ ਦੇ ਪਾਰਕ ਵਿੱਚ ਅਮਰੀਕਨ ਮਜ਼ਦੂਰਾਂ ਨੇ ਹੇਅ ਮੰਡੀ ਸ਼ਿਕਾਗੋ ਦੇ ਸੰਘਰਸ਼ ਦੇ ਹੱਕ ਵਿੱਚ ਵੱਡਾ ਇਕੱਠ ਕੀਤਾ ਸੀ ਅਤੇ ਬਾਅਦ 'ਚ ਕਈ ਅਮਰੀਕਨ ਸੂਬਿਆਂ ਵੱਲੋਂ ਇਸ ਦਿਨ ਦੀ ਛੁੱਟੀ ਕੀਤੀ ਜਾਂਦੀ ਸੀ। ਜਿਸ ਨੂੰ ਤੱਕਦਿਆਂ 1894 ਨੂੰ ਅਮਰੀਕਨ ਕਾਂਗਰਸ ਨੇ ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਲੇਬਰ ਡੇਅ ਅਤੇ ਫੈਡਰਲ ਦੀ ਪੱਕੀ ਛੁੱਟੀ ਕਰਕੇ ਸਹੀ ਪਾਈ ਸੀ। ਸਤੰਬਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਅਮਰੀਕਾ ਵਿੱਚ ਲੇਬਰ ਡੇਅ ਦਾ ਨਾਮ ਦੇਣ ਪਿੱਛੇ ਰਾਜਨੀਤਿਕ ਕਾਰਨ ਹਨ ਕਿ ਮਈ ਇੱਕ ਦਾ ਪਵਿੱਤਰ ਅਕਸ਼ ਧੁੰਦਲਾ ਕੀਤਾ ਜਾ ਸਕੇ ਕਿਉਂਕਿ ਮਜ਼ਦੂਰ ਯੂਨੀਅਨਾਂ ਦਾ ਦੂਜਾ ਕੌਮਾਂਤਰੀ ਇਕੱਠ ਜੋ 1889 ਨੂੰ ਯੂਰਪ ਵਿੱਚ ਹੋਇਆ ਸੀ ਜਿਸ ਵਿੱਚ ਹੀ ਮਈ ਪਹਿਲੀ ਨੂੰ ਦੁਨੀਆ ਭਰ ਵਿੱਚ ਮਜ਼ਦੂਰ ਦਿਨ ਮਨਾਉਣ ਦਾ ਫੈਸਲਾ ਹੋਇਆ ਸੀ ਜਿਸ ਨੂੰ ਅਮਰੀਕਨ ਮਜ਼ਦੂਰ ਜਮਾਤ ਭੁੱਲ ਜਾਵੇ।

ਮਈ ਇੱਕ ਨੂੰ ਦੁਨੀਆ ਭਰ ਦੇ ਮਜ਼ਦੂਰ ਆਪਣੀਆਂ ਜਿੱਤਾਂ ਅਤੇ ਕੰਮ ਦੀ ਹਾਲਤਾਂ ਉੱਤੇ ਚਰਚਾ ਕਰਦੇ ਹਨ। ਰਚੀ-ਮਿੱਥੀ ਵਿਉਂਤ-ਵੰਦੀ ਨਾਲ ਅਮਰੀਕਨ ਮਜ਼ਦੂਰ ਜਮਾਤ ਸਤੰਬਰ ਪਹਿਲੀ ਨੂੰ ਸੰਘਰਸ਼ਾਂ ਦੇ ਵਿਸ਼ਲੇਸ਼ਣ ਕਰਨ ਦੀ ਥਾਂ ਮੌਜ ਮੇਲਾ ਕਰਦੀ ਹੈ ਕੁੱਕੜ ਭੁੰਨਦੀ ਹੈ ਬੀਅਰਾਂ ਪੀਂਦੀ ਹੈ ਅਤੇ ਮਸਤੀ ਕਰਦੀ ਹੈ। ਸਤੰਬਰ ਦੇ ਪਹਿਲੇ ਸੋਮਵਾਰ ਭਾਵ ਲੇਬਰ ਡੇਅ ਤੋਂ ਬਾਅਦ ਬੱਚਿਆਂ ਦੇ ਸਕੂਲ ਖੁੱਲ ਜਾਂਦੇ ਹਨ ਗਰਮੀ ਦਾ ਮੌਸਮ ਮੁੱਕ ਜਾਂਦਾ ਹੈ ਠੰਡਾ ਮੌਸਮ ਪਰਤ ਆਉਂਦਾ ਹੈ ਫਿਰ ਕਾਮਾ ਜਮਾਤ ਮਸ਼ੀਨ ਨਾਲ ਮਸ਼ੀਨ ਬਣਕੇ ਦੌੜਦੀ ਹੈ। ਰਾਜਨੀਤੀ ਆਪਣੀ ਕਲਾ ਨਾਲ ਕਿਰਤੀ ਲੋਕਾਂ ਨੂੰ ਹੱਕ-ਸੱਚ ਦੇ ਰੱਸਤਿਆਂ ਤੋਂ ਲਾਹ ਦੇਣ ਦੇ ਪੂਰੇ ਦਾਅ-ਪੇਚ ਖੇਡਦੀ ਹੈ ਅਤੇ ਕਿਰਤੀ ਦੇ ਜੁਝਾਰੂ ਪੱਖ ਨੂੰ ਖੁੰਡਾ ਕਰਦੀ ਹੈ।

ਇਹ ਸੋਚਾਂ 'ਚ ਪਾਉਣ ਵਾਲੀ ਸਥਿਤੀ ਤੋਂ ਅੱਗੇ ਜਾਵਾਂਗੇ ਤਾਂ ਅੱਖਾਂ ਖੁੱਲ੍ਹੀਆਂ ਰਹਿ ਜਾਂਦੀਆਂ ਹਨ ਕਿ ਮਾਇਆ ਪੱਖੋਂ ਤੱਕੜੇ ਦੇਸ਼ਾਂ ਵਿੱਚ ਵੀ ਲੇਬਰ ਡੇਅ ਮਨਾਏ ਤਾਂ ਜਾਂਦੇ ਹਨ ਪਰ ਮਈ ਇੱਕ ਦੀ ਥਾਂ ਵੱਖ ਵੱਖ ਤਾਰੀਖਾਂ ਨੂੰ , ਜਿਵੇਂ ਇੰਗਲੈਂਡ ਅਤੇ ਆਇਰਲੈਂਡ ਵਿੱਚ ਮਈ ਇੱਕ ਤੋਂ ਬਾਅਦ ਪਹਿਲਾਂ ਸੋਮਵਾਰ , ਆਸਟਰੇਲੀਆ ਵਿੱਚ ਮਾਰਚ ਮਹੀਨੇ ਦਾ ਪਹਿਲਾ ਅਤੇ ਦੂਜਾ ਸੋਮਵਾਰ , ਨਿਊਜ਼ੀਲੈਂਡ ਵਿੱਚ ਅਕਤੂਬਰ ਦੇ ਚੌਥੇ ਸੋਮਵਾਰ ਨੂੰ ਲੇਬਰ ਡੇਅ ਮਨਾਏ ਜਾਂਦੇ ਹਨ।

ਮਜ਼ਦੂਰ , ਕਿਰਤੀ ਜਾਂ ਕਾਮਾ ਜਮਾਤ ਜਿਸ ਵਿੱਚ ਕਿਸਾਨ , ਖੇਤ ਮਜ਼ਦੂਰ , ਫੈਕਟਰੀ ਮਜ਼ਦੂਰ , ਛੋਟੀਆਂ ਸਨਅਤਾਂ ਨਾਲ ਜੁੜੇ ਹੋਏ ਮਜ਼ਦੂਰ ਅਤੇ ਮੌਸਮੀ ਮਜ਼ਦੂਰ ਆਉਂਦੇ ਹਨ। ਇਨ੍ਹਾਂ ਦੇ ਦੁੱਖ ਦਰਦ ਦੀਆਂ ਅਨੇਕਾਂ ਕਹਾਣੀਆਂ ਹਨ। ਜੇਕਰ ਕਾਮਾ ਜਮਾਤ ਜਾਂ ਕਿਰਤੀ ਵਰਗ ਆਪਣੇ ਦਿਨ ਵਿਹਾਰ ਹੀ ਭੁੱਲ ਜਾਵੇਗਾ ਤਾਂ ਫਿਰ ਆਉਣ ਵਾਲਾ ਸਮਾਂ ਬਹੁਤ ਘਾਤਕ ਸਿੱਧ ਹੋ ਸਕਦਾ ਹੈ। ਧਰਤੀ ਬੰਜਰ ਹੋ ਜਾਵੇਗੀ ॥ ਕਿਰਤੀ ਵਰਗ ਨੂੰ ਲੁੱਟੇਰੀ ਜਮਾਤ ਦੇ ਦਾਅ-ਪੇਚਾਂ ਤੋਂ ਬੱਚਣ ਲਈ ਆਪਣੀਆਂ ਜਥੇਬੰਦੀਆਂ ਨੂੰ ਤਕੜਾ ਕਰਕੇ ਸੰਘਰਸ਼ਾਂ ਦੇ ਰਾਹ ਤੁਰਨਾ ਚਾਹੀਦਾ ਹੈ। ਦੁਨੀਆ ਭਰ ਦੀ ਕਿਰਤੀ ਜਮਾਤ ਨੂੰ ਏਕੇ ਦੀ ਝੰਡਾ ਬਰਦਾਰੀ ਕਰਨੀ ਚਾਹੀਦੀ ਹੈ ਕਿਉਂਕਿ 99% ਧਰਤੀ ਦੇ ਲੋਕਾਂ ਦਾ ਬੋਝ ਮਜ਼ਦੂਰ ਵਰਗ ਦੇ ਮੋਢਿਆਂ ਉੱਪਰ ਹੈ। ਕਿਰਤੀ ਲੋਕਾਂ ਦੇ ਏਕੇ ਦੀ ਸ਼ਕਤੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਹੈ।

ਲੇਬਰ ਡੇਅ ਦੀ ਵਧਾਈ ਹੋਵੇ !!

ਮਜ਼ਦੂਰ ਦਿਵਸ ਦੀ ਵਧਾਈ ਹੋਵੇ !!



# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

# ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024



# Preetnama

Khara Sach

ਪ੍ਰੀਤਨਾਮਾ
ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

# ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ ਖਰਾ ਸੱਚ

Khara Sach

On our English language New Website WWW.PREETNEWS.COM

Chief Editor Pritpal Kaur +1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024


# Visit of Sri Rahul Gandhi to USA



NEW YORK: Indian Overseas Congress USA is pleased Toannounce that Shri Rahul Gandhi, Member of Parliament and Leader of Opposition in the Lok Sabha will be travelling to Dallas, Texas for several events on September 8, 2024, and to Washington D.C. on September 9 th and 10 th . Since he assumed the new position, this is his first trip to the US, to interact with the Indian Overseas Congress, US leadership, universities, think tanks, international media and other dignitaries and experts.

**DALLAS, TEXAS ñ Sept 8 th .**

At approximately 2.00 pm. Central time, Sri Rahul Gandhi will have fireside chat and interactions with students and youth groups at the University of Texas. Around 5.00 pm. central time, Sri Rahul Gandhi will address the Indian Diaspora in a public meeting open to all at: The Grand Meeting Hall, Toyota Music Factory 316 West Las Colinas Blvd., Irving TX 75039 At 7.00 pm CDT Sri Rahul Gandhi will address the IOC.USA leaders, members and supporters of the Indian Congress Party. Please register for admission at Dallas public meetings as early as possible as seats are limited.

For information on Dallas events please call:
Mr. Mohinder Singh Gilzian. 646 732 5119
Mr. Gurdev Singh Hayer - 469 888 2424
Mr. George Abraham - 917 544 4137
Mr. Akram Syed - 214 395 3707

**WASHINGTON D.C.**

At Washington DC. Sri Rahul Gandhi will meet and greet the Indian American Community on September 9, 2024, at 6.00 pm EST at:
Hilton Washington†Dulles Airport
Belmont Ballroom
13869 Park Center Road
Herndon,†VA 20171

He will also meet with the IOC USA senior leaders and Congress supporters, media group, Students and the mahila group.
All persons wishing to attend will need to register in advance for admission.
call: Mr. Johnson L. Myalil. - 202 744 8507
Mr. Harbachan Singh. - 917 749 8769
Mr. Pradeep Samala. - 917 482 6501
Mr. Rajiv Gowda. - 917 699 8336
Other meetings are also planned at the George Town university, National Press Club and the Capitol Hill with the US lawmakers,administration and leadership in WashingtonDC.

# Kamala Harris campaign accepts muted mic rule to debate Donald Trump: Sources

### The debate would be the first between Donald Trump and Kamala Harris, who took over as the Democratic candidate from President Joe Biden after he stepped aside on July 21.

The campaign of Democratic presidential candidate Kamala Harris has accepted the rules of next week's debate against Republican Donald Trump, including microphones being muted when it is not a candidate's turn to speak, a source familiar with the matter said on Wednesday.The debate would be the first between Trump and Harris, who took over as the Democratic candidate from President Joe Biden after he stepped aside on July 21 after a faltering debate performance in late June against the former president.The source, who declined to be identified, said the Harris campaign was still hoping for moments where ABC News, which will host the September 10 debate, is forced to unmute the mics and let the candidates respond.Harris' rise to the top of the Democratic ticket has re-energised a Democratic campaign that had harboured doubts about Biden's chances. Polls showed that Trump had built a lead over Biden, including in battleground states, but Harris has since edged ahead of the Republican presidential candidate in some national opinion polls.Over the weekend, Harris called on Trump to debate her with their microphones switched on throughout the event. So-called "hot mics" can help or hurt political candidates, catching off-hand comments that sometimes were not meant for the public. Muted microphones also prevent the debaters from interrupting their opponent.





# Campaign to boost Indian-American votes by one million ahead of US elections

With just two months left for the US Presidential elections, the race for the White House is heating up. The Democratic and Republican parties are in a tough fight for the Presidency, and the candidates are going all out to ensure their win. At this time, an Indian-American diaspora group has launched a campaign to increase the participation of Indian-American voters and policy impact in the upcoming polls.

The "Indo-American Votes Matter" campaign, launched by the Foundation for India and Indian Diaspora Studies (FIIDS), a US-based non-profit institution for policy research and awareness, aims to encourage Indian-American voters to vote and make their voices heard.The FIIDS aims to register at least one million Indian-American voters for the election. Indian-Americans, now a community of 4.5 million, have emerged as one of the most influential immigrant groups in the US. Despite making up just 1.5% of the US population, their votes could be decisive in determining the outcome of crucial races in key swing states. "Both Democrats and Republicans should recognise the importance of Indo-Americans as they are concentrated in critical races spanning states such as Florida, Georgia, Arizona, Virginia, New Jersey, Texas, and California," FIIDS stated.US Vice President and Democratic nominee Kamala Harris will contest Republican candidate Donald Trump on November 5.Kamala Harris is half-Indian and half-Jamaican. Her mixed race has been brought up several times in the course of the Presidential elections.The campaign by the Foundation for India and Indian Diaspora Studies (FIIDS) includes a comprehensive survey of Indian-Americans to gather their opinions on both domestic and global policy issues."

# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

# ਪ੍ਰੀਤਨਾਮਾ

Khara Sach

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com

# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




Preetnama
ਪ੍ਰੀਤਨਾਮਾ
ਖਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 269
Website: www.preetnama.com Email preetnamausa@gmail.com
06 TO 12 SEPTEMBER 2024

# ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਨਿਊਯਾਰਕ ਅਤੇ ਨਿਊਜਰਸੀ ਦੇ ਗੁਰਦੁਆਰਿਆਂ ਤੇ ਪੰਥਕ ਜਥੇਬੰਦੀਆਂ ਵੱਲੋਂ ਗੋਲ਼ਡ ਮੈਡਲ ਨਾਲ ਸਨਮਾਨ



ਨਿਊਯਾਰਕ (ਪ੍ਰੀਤਨਾਮਾ) : ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜੀ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ਼ ਦੇ ਨਿਊਯਾਰਕ ਆਉਣ 'ਤੇ ਸਿੱਖ ਸੰਸਥਾਵਾਂ, ਜੱਥੇਬੰਦੀਆਂ, ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਸ਼ਹੀਦ ਪਰਿਵਾਰਾਂ ਵੱਲੋਂ ਨਿੱਘਾ ਅਤੇ ਬੜਾ ਭਾਰੀ ਸਵਾਗਤ ਕੀਤਾ ਗਿਆ, ਰੋਜ਼ਾਨਾ ਦੇ ਦੀਵਾਨਾਂ ਅੰਦਰ ਸੰਗਤਾਂ ਨੇ ਕਥਾ ਕੀਰਤਨ ਦੇ ਲਾਹੇ ਲਏ, ਘਰ ਘਰ ਸੱਦ ਕੇ ਹਰ ਜੱਸ ਨਾਮ ਅਭਿਆਸ ਦੇ ਨਾਲ਼ ਨਾਲ਼ ਲੰਗਰਾਂ ਦੀਆਂ ਸੇਵਾਵਾਂ ਬੜੇ ਹੀ ਚਾਉ ਸ਼ਰਧਾ ਪੂਰਵਕ ਭਾਵਨਾਵਾਂ ਨਾਲ਼ ਕੀਤੀਆਂ ਗਈਆਂ। ਸੰਤਾਂ ਦੇ ਮੁਖੀ ਬਣਨ ਤੋਂ ਵੀਹ ਸਾਲ ਬਾਅਦ ਸੰਗਤਾਂ ਨੂੰ ਸਤਸੰਗ ਦਾ ਅਮੋਲਕ ਸਮਾਂ ਪ੍ਰਾਪਤ ਹੋਇਆ, ਅਤੇ ਸਭ ਨੇ ਸੰਤਾਂ ਅਤੇ ਜੱਥੇ ਦੇ ਸਿੰਘਾਂ ਦੇ ਸੇਵਾ ਸਨਮਾਨ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜੋ ਕਿ ਆਪਣੇ ਆਪ ਵਿੱਚ ਇੱਕ ਵੱਡੀ ਮਿਸਾਲ ਰਹੀ। ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੋਸਾਈਟੀ ਰਿਚਮੰਡ ਹਿੱਲ (ਨਿਊ ਯਾਰਕ), ਗੁ: ਸਾਹਿਬ ਸ਼ਹੀਦਾਂ ਹਿਕਸਵੈਲ, ਗੁ: ਸਾਹਿਬ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਗੁ: ਸਾਹਿਬ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਗੁ: ਸਾਹਿਬ ਗੁਰ ਨਾਨਕ ਦਰਬਾਰ ਹਿਕਸਵੈਲ, ਗੁ: ਸਾਹਿਬ ਸਿੰਘ ਸਭਾ ਕਾਰਟਰੇਟ, ਗੁ: ਨਾਨਕ ਨਾਮ ਜਹਾਜ ਜਰਸੀ ਸਿੱਟੀ ਅਤੇ ਗੁ: ਸਾਹਿਬ ਸੰਤ ਸਾਗਰ ਦੀਆਂ ਸਮੂਹ ਕਮੇਟੀਆਂ ਅਤੇ ਸਿੱਖ ਸਗਤਾਂ ਨੇ ਮਹਾਂਪੁਰਖਾਂ ਨੂੰ ਬੇਨਤੀ ਕਰਕੇ ਗੁਰੂ ਘਰਾਂ ਦੇ ਵਿਚ ਕਥਾ ਕੀਰਤਨ ਦੇ ਸਮਾਗਮ ਕਰਵਾਏ ਗਏ। ਸਰਦਾਰ ਪ੍ਰੀਤਮ ਸਿੰਘ ਗਿਲਝੀਆਂ ਅਤੇ ਸਰਦਾਰ ਬਲਦੇਵ ਸਿੰਘ ਗਿਲਝੀਆਂ ਦੇ ਗ੍ਰਿਹ ਵਿਖੇ ਦਸਤਾਰਬੰਦੀ ਸਮਾਗਮ ਦੇ ਵਿਚ ਜਿੱਥੇ ਬਹੁਤ ਪੰਥਕ ਹਸਤੀਆਂ ਸ਼ਾਮਿਲ ਹੋਈਆਂ ਉਥੇ ਮਹਾਪੁਰਖਾਂ ਨੇ ਵਿਸ਼ੇਸ ਰੂਪ ਦੇ ਵਿਚ ਹਾਜ਼ਰੀ ਭਰੀ। ਬਾਬਾ ਜੀ ਦੀਆਂ ਪਿਛਲੇ ਸਮੇਂ ਦੇ ਵਿਚ ਕੀਤੀਆਂ ਵੱਡੀਆ ਸੇਵਾਵਾਂ ਕਰਕੇ ਸੰਗਤਾਂ ਵਲੋਂ ਗੋਲਡ ਮੈਡਲ ਨਾਲ ਵਿਸ਼ੇਸ ਸਨਮਾਨ ਕੀਤਾ ਗਿਆ। ਅਮਰੀਕਾ ਦੀ ਸਭ ਤੋਂ ਪੁਰਾਣੀ ਪੰਥਕ ਜੱਥੇਬੰਦੀ ਦੇ ਆਗੂਆਂ ਨੇ ਬਾਬਾ ਜੀ ਨਾਲ ਬੈਠ ਕੇ ਅਪਣੇ ਸ਼ੰਕੇ ਦੂਰ ਕੀਤੇ ਅਤੇ ਸਹਿਮਤੀ ਪ੍ਰਗਟ ਕਰਕੇ ਬਾਬਾ ਜੀ ਨੂੰ ਸੱਦ ਕੇ ਸਨਮਾਨਿਤ ਕੀਤਾ। ਮਹਾਪੁਰਖਾਂ ਨੇ ਵੀ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਕੋਈ ਵੀ ਕੌਮੀ ਪੰਥਕ ਜੱਥੇਬੰਦੀ ਕਿਸੇ ਵੀ ਢੰਗ ਨਾਲ ਕੌਮ ਦੀ-ਪੰਥ ਦੀ ਸੇਵਾ ਕਰਦੀ ਹੈ ਉਹ ਕਦੇ ਵੀ ਆ ਕੇ ਸਾਡੇ ਨਾਲ ਬੈਠ ਕੇ ਗੁਰਮਤਿ ਅਨੁਸਾਰ ਵਿਚਾਰ ਵਟਾਂਦਰਾਂ ਕਰ ਸਕਦੇ ਹਨ। ਇਸ ਫੇਰੀ ਦੌਰਾਨ ਗੰਭੀਰ ਸਿੱਖ ਮਸਲਿਆਂ 'ਤੇ ਚਾਲ਼ੀ ਸਾਲਾਂ ਤੋਂ ਸ਼ੰਘਰਸ਼ੀਲ ਜੱਥੇਬੰਦੀਆਂ ਨਾਲ਼ ਖੁੱਲ੍ਹ ਕੇ ਵਿਚਾਰਾਂ ਹੋਈਆਂ, ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਅਤੇ ਉਨ੍ਹਾਂ ਦੇ ਸਿੱਖ ਕੌਮ ਦੇ ਕੌਮੀ ਘਰ ਦੇ ਪਵਿੱਤਰ ਸੰਕਲਪ, ਪਤਿਤ ਪੁਣੇ ਨੂੰ ਠੱਲ੍ਹ ਪਾਉਣ, ਨਸ਼ਿਆਂ ਵਿੱਚ ਰੁੜ੍ਹ ਰਹੇ ਨੌਜਵਾਨਾਂ ਨੂੰ ਸਿੱਖੀ ਨਾਲ਼ ਜੋੜਨ ਦੇ ਉਪਰਾਲੇ, ਬੰਦੀ ਸਿੰਘਾਂ ਦੀ ਹੋਈ ਖਲਾਸੀ ਦੀਆਂ ਪ੍ਰਾਪਤੀਆਂ ਅਤੇ ਰਹਿੰਦੇ ਕਾਰਜ 'ਤੇ ਵਿਚਾਰਾਂ ਹੋਈਆਂ। ਬਾਬਾ ਜੀ ਨੇ ਸਿੱਖ ਸੰਗਤਾਂ ਨੂੰ ਸੁਚੇਤ ਕਰਦਿਆਂ ਬੱਚਿਆਂ ਨੂੰ ਉੱਚੀ ਸੁੱਚੀ ਵਿੱਦਿਆ ਦਿਵਾਉਣ, ਮਾਨਸਿਕ ਸਰੀਰਕ ਨਰੋਈ ਸਿਹਤ 'ਤੇ ਜ਼ੋਰ ਦਿੱਤਾ। ਚੱਲ ਰਹੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਹਰ ਗੁਰਦੁਆਰਾ ਸਾਹਿਬ ਅਤੇ ਘਰ ਘਰ ਸ਼ਹੀਦਾਂ ਦੇ ਪਰਿਵਾਰਾਂ ਦੇ ਇੱਕ ਦਰਜਨ ਤੋਂ ਵੱਧ ਜੀਆਂ ਦੇ ਸਨਮਾਨ ਬਹੁਤ ਹੀ ਪ੍ਰੇਮ ਭਾਵਨਾਂ ਨਾਲ਼ ਕੀਤੇ ਗਏ। ਸ਼ਹੀਦ ਪਰਿਵਾਰਾਂ ਨੇ ਇਸ ਨੂੰ ਬਹੁਤ ਹੀ ਭਾਵਪੂਰਵਕ ਲਿਆ। ਸਮੂਹ ਜੱਥੇਬੰਦੀਆਂ ਨੇ ਬਾਬਾ ਜੀ ਵੱਲੋਂ ਕੀਤੇ ਸਿੱਖ ਕੌਮ ਦੇ ਮਹਾਨ ਕਾਰਜਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਚੁਰਾਸੀ ਦੇ ਸ਼ਹੀਦ ਸਿੰਘਾਂ ਦੀ ਯਾਦਗਾਰ, ਸ਼ਹੀਦੀ ਗੈਲਰੀ, ਪਿੰਡ ਰੋਡੇ ਵਿੱਚ ਸੰਤ ਖਾਲਸਾ ਯਾਦਗਾਰੀ ਗੁਰਦੁਆਰਾ ਸਾਹਿਬ ਸ਼੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ ਦੀ ਉਸਾਰੀ, ਜੋ ਕਿ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਆਪਣੇ ਪੁਰਖਿਆਂ ਦੇ ਕੀਤੇ ਮਹਾਨ ਕਾਰਨਾਮਿਆਂ ਦੀ ਯਾਦ ਅਤੇ ਸੇਧ ਦੇਣ ਦਾ ਸਬੱਬ ਹਮੇਸ਼ਾਂ ਬਨਣਗੇ। ਦਸਵੇਂ ਪਾਤਸ਼ਾਹ ਵੱਲੋਂ ਪੜ੍ਹਾਏ ਗਏ ਗੁਰਬਾਣੀ ਦੇ ਅਰਥ ਜੋ ਕਿ ਟਕਸਾਲ਼ ਦੇ ਸੀਨਾ-ਬਸੀਨਾ ਮਹਾਂਪੁਰਖ ਅੱਗੇ ਤੋਂ ਅੱਗੇ ਪੜ੍ਹਾਉਂਦੇ ਅਤੇ ਪ੍ਰਚਾਰਦੇ ਆ ਰਹੇ ਹਨ, ਉਨ੍ਹਾਂ ਨੇ ਆਪਣੇ ਰੁੱਝੇਵਿਆਂ ਭਰੇ ਸਮੇਂ ਵਿੱਚੋਂ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੇ ਅਰਥਾਂ ਦੀ ਸੋਲ੍ਹਾਂ ਭਾਗਾਂ ਵਿਚ ਸਟੀਕ ਕਲਮ ਵੱਧ ਕਰਨ ਦਾ ਵੱਡਾ ਪਰ ਉਪਕਾਰ ਭਰਿਆ ਕਾਰਜ ਕੀਤਾ, ਜਿਸ ਤੋਂ ਆਉਣ ਵਾਲ਼ੇ ਸਮੇਂ ਵਿੱਚ ਵਿਦਿਅਰਥੀ, ਗਿਆਨੀ ਸਿੰਘ ਅਤੇ ਸੰਗਤਾਂ ਲਾਹੇ ਲੈ ਸਕਣਗੇ। ਇਸ ਦੌਰਾਨ ਗੁਰਬਾਣੀ ਤੇ ਤਰਕ ਕਰਨ ਵਾਲੇ ਅਤੇ ਪੰਥ ਵਿਰੋਧੀ ਕੁੱਝ ਕੁ ਸ਼ਰਾਰਤੀ ਅਨਸਰਾਂ ਵੱਲੋਂ ਬੇ-ਬੁਨਿਆਦ ਬਿਆਨਬਾਜੀ ਬਾਰੇ ਦੱਸਣਾ ਚਾਹੁੰਦੇ ਹਾਂ ਕਿ ਜੱਥੇਬੰਦੀ ਅਤੇ ਉਸ ਦਾ ਮੁਖੀ ਵੱਖ ਵੱਖ ਨਹੀਂ ਹੁੰਦੇ। ਜਿਹੜੇ ਜੱਥੇਬੰਦੀ ਦਾ ਹਿੱਸਾ ਹੀ ਨਹੀਂ ਹਨ, ਉਨ੍ਹਾਂ ਵੱਲੋਂ ਜੱਥੇਬੰਦੀ ਬਾਰੇ ਫੈਸਲੇ ਲੈਣ ਦੀਆਂ ਗੱਲਾਂ ਇੱਕ ਹੋਸ਼ੇਪਨ ਅਤੇ ਅਗਿਆਨਤਾ ਦਾ ਸਬੂਤ ਤੋਂ ਵੱਧ ਕੁੱਝ ਨਹੀਂ ਹਨ। ਇਹਨਾਂ ਸ਼ਰਾਰਤੀ ਅਨਸਰਾਂ ਨੇ ਬੇ-ਬੁਨਿਯਾਦ ਅਤੇ ਝੂਠੇ ਦੋਸ਼ ਲਾਕੇ ਪੰਥ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਜਿੰਨਾਂ ਦਾ ਕੋਈ ਵੀ ਆਧਾਰ ਨਹੀਂ ਹੈ। ਅਸੀਂ ਇਹਨਾਂ ਦੋਸ਼ਾਂ ਨੂੰ ਮੁੱਢ ਤੋਂ ਹੀ ਰੱਦ ਕਰਦੇ ਹਾਂ। ਸਿਰਫ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ ਤੇ ਕਿਸੇ ਵੀ ਪੰਥਕ ਆਗੂ ਜਾਂ ਕਿਸੇ ਵੀ ਪੰਥਕ ਸਖਸ਼ਿਅਤ ਤੇ ਇਹੋ ਜਿਹੇ ਇਲਜ਼ਾਮ ਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਫੇਰੀ ਦੇ ਅੰਤ ਵਿਚ ਨਿਊਯਾਰਕ ਅਤੇ ਨਿਊਜਰਸੀ ਦੀਆਂ ਸਮੂਹ ਸੰਗਤਾਂ, ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਜੱਥੇਬੰਦੀਆਂ ਵਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਦੀਵਾਨਾਂ ਦੀ ਸਮਾਪਤੀ ਉਪਰੰਤ ਭਾਵਭਿੰਨੀ ਵਿਦਾਇਗੀ ਦਿੱਤੀ ਗਈ। ਜੱਥੇਬੰਦੀਆਂ ਦੇ ਆਗੂ ਸਾਹਿਬਾਨ ਅਤੇ ਸਿੱਖ ਸੰਗਤ ਨੇ ਮਹਾਂਪੁਰਖਾਂ ਦਾ ਰੋਮ ਰੋਮ ਕਰਕੇ ਧੰਨਵਾਦ ਕੀਤਾ, ਅਤੇ ਭਵਿੱਖ ਵਿੱਚ ਤਨ ਮਨ ਧਨ ਦੁਆਰਾ ਸੇਵਾਵਾਂ ਨਿਭਾਉਣ ਲਈ ਬਚਨਵੱਧਤਾ ਦੁਹਰਾਈ। ਉਨ੍ਹਾਂ ਦੇ ਮਾਨ ਸਨਮਾਨ ਬਹਾਲ ਰੱਖਣ, ਅੱਗੇ ਲਈ ਹੋਣ ਵਾਲ਼ੇ ਦੀਵਾਨਾਂ ਲਈ ਉਡੀਕ, ਆਮਦ ਉੱਤੇ ਹਮੇਸ਼ਾਂ ਹੀ ਤਹਿ ਦਿਲੋਂ ਸਵਾਗਤ ਅਤੇ ਵੱਡੇ ਪੱਧਰ 'ਤੇ ਸਮਾਗਮ ਉਲੀਕਣ ਦੀਆਂ ਸੰਭਾਵਨਾਂ ਵੀ ਜਤਾਈਆਂ। ਵਲੋਂ:—

ਨਿਊਯਾਰਕ ਅਤੇ ਨਿਊਜਰਸੀ ਦੀਆਂ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ, ਪੰਥਕ ਜੱਥੇਬੰਦੀਆਂ ਅਤੇ ਸਮੂਹ ਦਮਦਮੀ ਟਕਸਾਲ ਦੇ ਸਿੰਘ।

# ਕੈਨੇਡਾ ਦਾ ਵੀਜ਼ਾ ਲੈ ਕੇ ਰਿਕਾਰਡ ਗਿਣਤੀ ਚ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਚ ਦਾਖਲ




ਵਾਸ਼ਿੰਗਟਨ: ਕੈਨੇਡਾ ਤੋਂ ਵੱਡੀ ਗਿਣਤੀ ਵਿੱਚ ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਜਾ ਰਹੇ ਹਨ। ਇਹ ਸੰਖਿਆ ਆਪਣੇ ਉੱਚੇ ਪੱਧਰ ਤੇ ਪਹੁੰਚ ਗਈ ਹੈ। ਲੋਕਾਂ ਦੇ ਲਗਾਤਾਰ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਕਾਰਨ ਕੈਨੇਡਾ ਦੀ ਵੀਜ਼ਾ ਜਾਂਚ ਪ੍ਰਕਿਰਿਆ ਹੁਣ ਸਵਾਲਾਂ ਦੇ ਘੇਰੇ ਚ ਆ ਗਈ ਹੈ। ਇਸ ਤੋਂ ਇਲਾਵਾ ਅਜਿਹੀਆਂ ਖਬਰਾਂ ਵੀ ਹਨ ਕਿ ਕੈਨੇਡਾ ਜਾਣ ਵਾਲੇ ਯਾਤਰੀ ਅਜਿਹੇ ਸਫਰ ਕਰਦੇ ਹਨ ਕਿ ਉਨ੍ਹਾਂ ਨੂੰ ਯੂ.ਕੇ. ਵਿਚ ਰੁਕਣਾ ਪਵੇ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਬ੍ਰਿਟੇਨ ਚ ਸ਼ਰਣ ਮੰਗਣ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ। ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਜੂਨ ਵਿੱਚ, 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਦਾਖਲ ਹੋਏ।ਦਿ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ, ਦਸੰਬਰ 2023 ਤੋਂ ਹਰ ਮਹੀਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਮੈਕਸੀਕੋ ਸਰਹੱਦ ਤੋਂ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਤੋਂ ਵੱਧ ਹੋ ਗਈ ਹੈ। ਕੈਨੇਡਾ ਅਤੇ ਅਮਰੀਕਾ ਵਿਚਕਾਰ 9000 ਕਿਲੋਮੀਟਰ ਦੀ ਸਰਹੱਦ ਹੈ। ਇਹ ਦੁਨੀਆ ਦੀ ਸਭ ਤੋਂ ਲੰਬੀ ਖੁੱਲ੍ਹੀ ਸਰਹੱਦ ਹੈ, ਜੋ ਮੈਕਸੀਕੋ-ਅਮਰੀਕਾ ਸਰਹੱਦ ਦੀ ਲੰਬਾਈ ਤੋਂ ਦੁੱਗਣੀ ਹੈ। ਯੂ.ਐਸ ਦੇ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ ਹਰ ਮਹੀਨੇ ਅਮਰੀਕੀ ਸਰਹੱਦ ਤੇ ਫੜੇ ਗਏ ਭਾਰਤੀਆਂ ਦੀ ਔਸਤ ਗਿਣਤੀ 2548 ਤੋਂ 2024 ਵਿੱਚ 47 ਪ੍ਰਤੀਸ਼ਤ ਵਧ ਕੇ 3733 ਹੋ ਗਈ ਹੈ। 2021 ਵਿੱਚ ਇਹ ਸਿਰਫ 282 ਸੀ, ਜਿਸ ਵਿੱਚ 13 ਗੁਣਾ ਵਾਧਾ ਹੋਇਆ ਹੈ।

**ਅਮਰੀਕਾ ਵਿੱਚ ਭਾਰਤੀਆਂ ਦੀ ਵੱਡੀ ਗਿਣਤੀ**

ਅਮਰੀਕਾ ਵਿਚ ਵੱਡੀ ਗਿਣਤੀ ਵਿਚ ਭਾਰਤੀ ਰਹਿ ਰਹੇ ਹਨ ਜੋ ਕਾਨੂੰਨੀ ਤੌਰ ਤੇ ਉਥੇ ਵਸ ਗਏ ਹਨ। ਇਨ੍ਹਾਂ ਭਾਰਤੀਆਂ ਦਾ ਅਮਰੀਕਾ ਵਿੱਚ ਆਰਥਿਕ ਦਬਦਬਾ ਹੈ। ਬੋਸਟਨ ਕੰਸਲਟਿੰਗ ਗਰੁੱਪ ਦੇ ਇੱਕ ਤਾਜ਼ਾ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤੀ ਅਮਰੀਕੀ ਕੁੱਲ ਅਮਰੀਕਾ ਦੀ ਆਬਾਦੀ ਦਾ 1.5 ਪ੍ਰਤੀਸ਼ਤ ਹਨ। ਪਰ ਉਹ ਸਾਰੇ ਇਨਕਮ ਟੈਕਸ ਦਾ 5-6 ਫੀਸਦੀ ਅਦਾ ਕਰਦਾ ਹੈ। ਇਸ ਦੌਰਾਨ, ਸ਼ਰਣ ਮੰਗਣ ਲਈ ਬ੍ਰਿਟੇਨ ਦੀਆਂ ਬੰਦਰਗਾਹਾਂ ਤੇ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। 2021 ਵਿੱਚ ਇਹ ਗਿਣਤੀ 495 ਸੀ ਜੋ 2022 ਵਿੱਚ 136 ਫੀਸਦੀ ਵਧ ਕੇ 1170 ਹੋ ਗਈ। ਇਹ ਸੰਖਿਆ 2023 ਵਿੱਚ 1391 ਤੱਕ ਪਹੁੰਚ ਗਈ। ਇਸ ਸਾਲ ਦੀ ਗੱਲ ਕਰੀਏ ਤਾਂ ਜੂਨ ਤੱਕ 475 ਸ਼ਰਣ ਮੰਗਣ ਵਾਲੇ ਯੂਕੇ ਦੀਆਂ ਬੰਦਰਗਾਹਾਂ ਤੇ ਪਹੁੰਚੇ।

**ਕੈਨੇਡਾ ਨੇ ਕਹੀ ਇਹ ਗੱਲ**

ਅਮਰੀਕਾ ਅਤੇ ਯੂ.ਕੇ ਦੋਵਾਂ ਨੇ ਕੈਨੇਡਾ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਰਿਪੋਰਟ ਮੁਤਾਬਕ ਅਮਰੀਕਾ ਨੇ ਵੀਜ਼ਾ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਦੇ ਬੁਲਾਰੇ ਨੇ ਕਿਹਾ, ਆਈ.ਆਰ.ਸੀ.ਸੀ ਇਸ ਸਮੇਂ ਅਮਰੀਕਾ ਜਾਂ ਯੂ.ਕੇ ਨਾਲ ਕਿਸੇ ਵੀ ਗੱਲਬਾਤ ਤੇ ਟਿੱਪਣੀ ਨਹੀਂ ਕਰ ਸਕਦੀ। ਕੈਨੇਡਾ ਇਨ੍ਹਾਂ ਗਤੀਵਿਧੀਆਂ ਪਿੱਛੇ ਨੈੱਟਵਰਕ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਯੂ.ਕੇ ਦੇ ਗ੍ਰਿਹ ਦਫ਼ਤਰ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਸ ਸਹੂਲਤ ਦੀ ਦੁਰਵਰਤੋਂ ਨਾ ਹੋਵੇ।

Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 269
Website: www.preetnama.com Email preetnamausa@gmail.com
06 TO 12 SEPTEMBER 2024

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਅੰਮ੍ਰਿਤਸਰ– ਸ੍ਰੀਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਹਾੜਾ ਅੱਜ ਇੱਥੇ ਹਰਿਮੰਦਰ ਸਾਹਿਬ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਨੇ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।



ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਸਮਾਗਮ ਮੌਕੇ ਪਹਿਲਾਂ ਸਵੇਰੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮਗਰੋਂ ਸਿੱਖ ਪ੍ਰੰਪਰਾ ਅਨੁਸਾਰ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਨਗਰ ਕੀਰਤਨ ਦੀ ਰਵਾਨਗੀ ਸਮੇਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਸ਼ਟ ਹਨ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਬਾਣੀ ਵੱਲੋਂ ਦਰਸਾਏ ਮਾਰਗ ’ਤੇ ਚੱਲ ਕੇ ਜੀਵਨ ਬਤੀਤ ਕਰੇ। ਉਨ੍ਹਾਂ ਕਿਹਾ ਕਿ ਪੰਜਵੇਂ ਗੁਰੂ ਅਰਜਨ ਦੇਵ ਨੇ ਆਪਣੇ ਹੱਥੀਂ 1604 ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ। ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਸੇਵਾ ਸੰਭਾਲ ਲਈ ਪਹਿਲੇ ਗ੍ਰੰਥੀ ਥਾਪਿਆ, ਜਿਸ ਨਾਲ ਗ੍ਰੰਥੀ ਪ੍ਰੰਪਰਾ ਦੀ ਆਰੰਭਤਾ ਹੋਈ। ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਵੱਡੀ ਗਿਣਤੀ ਸੰਗਤਾਂ ਇਕੱਤਰ ਹੁੰਦੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੀਆਂ ਹਨ। ਨਗਰ ਕੀਰਤਨ ਮੌਕੇ ਸਿੱਖ ਨੌਜਵਾਨਾਂ ਵੱਲੋਂ ਗਤਕਾ ਪ੍ਰਦਰਸ਼ਨ ਕੀਤਾ ਗਿਆ ਅਤੇ ਸ਼ਬਦੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਰਸਤੇ ਵਿਚ ਸ਼ਰਧਾਲੂਆਂ ਵੱਲੋਂ ਲੰਗਰ ਵੀ ਲਗਾਏ ਗਏ।

ਇਸ ਸਬੰਧ ਵਿੱਚ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ। ਹਰਿਮੰਦਰ ਸਾਹਿਬ ਵਿਖੇ ਰੰਗ-ਬਿਰੰਗੇ ਫੁੱਲਾਂ ਦੀ ਸਜਾਵਟ ਕੀਤੀ ਗਈ ਹੈ। ਦਰਬਾਰ ਸਾਹਿਬ ਅਤੇ ਗੁਰਦੁਆਰਾ ਰਾਮਸਰ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾਂ ’ਤੇ ਰਾਤ ਨੂੰ ਦੀਪਮਾਲਾ ਹੋਈ ਅਤੇ ਆਤਿਸ਼ਬਾਜ਼ੀ ਚਲਾਈ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਇਸ ਪਾਵਨ ਦਿਹਾੜੇ ਦੀ ਵਧਾਈ ਦਿੰਦਿਆਂ ਗੁਰਮਤਿ ਰਹਿਣੀ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ।

**ਵਿਸ਼ੇਸ਼ ਰੇਲ ਯਾਤਰਾ ਅਕਾਲ ਤਖ਼ਤ ਤੋਂ ਵਾਪਸ ਤਖ਼ਤ ਹਜ਼ੂਰ ਸਾਹਿਬ ਲਈ ਰਵਾਨਾ**

ਤਖ਼ਤ ਹਜ਼ੂਰ ਸਾਹਿਬ ਨਾਂਦੇੜ ਤੋਂ ਪੰਜ ਤਖ਼ਤਾਂ ਦੇ ਦਰਸ਼ਨਾਂ ਲਈ ਨਗਰ ਕੀਰਤਨ ਦੇ ਰੂਪ ਵਿਚ ਚੱਲੀ ਵਿਸ਼ੇਸ਼ ਰੇਲ ਯਾਤਰਾ ਅੱਜ ਅਕਾਲ ਤਖ਼ਤ ਤੋਂ ਜੈਕਾਰਿਆਂ ਨਾਲ ਵਾਪਸ ਤਖ਼ਤ ਹਜ਼ੂਰ ਸਾਹਿਬ ਲਈ ਰਵਾਨਾ ਹੋਈ। ਅਕਾਲ ਤਖ਼ਤ ਤੋਂ ਨਗਰ ਕੀਰਤਨ ਦੇ ਰੂਪ ਵਿਚ ਰਵਾਨਗੀ ਤੋਂ ਪਹਿਲਾਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਰਵਾਨਗੀ ਸਮੇਂ ਪੰਜ ਪਿਆਰਿਆਂ, ਨਿਸ਼ਾਨਚੀ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਤਖ਼ਤਾਂ ਦੀ ਯਾਤਰਾ ਲਈ ਆਈਆਂ ਸੰਗਤਾਂ ਨੂੰ ਵਧਾਈ ਦਿੱਤੀ। ਨਗਰ ਕੀਰਤਨ ਦੀ ਰਵਾਨਗੀ ਮੌਕੇ ਪੁਲੀਸ ਪਾਰਟੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਭੇਟ ਕਰਦਿਆਂ ਸਲਾਮੀ ਦਿੱਤੀ ਅਤੇ ਨਿਹੰਗ ਜਥੇਬੰਦੀਆਂ ਵੱਲੋਂ ਹਾਥੀ, ਘੋੜਿਆਂ ਸਮੇਤ ਖਾਲਸਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ ਗਈ।

## ਸਿਫ਼ਰ ਕਾਲ: ਪ੍ਰਤਾਪ ਬਾਜਵਾ ਨੂੰ ਸਪੀਕਰ ਦੇ ਯੂ-ਟਰਨ ’ਤੇ ਇਤਰਾਜ਼



ਚੰਡੀਗੜ੍ਹ – ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਸਿਫ਼ਰ ਕਾਲ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਏਐੱਸਆਈ ਬੋਹੜ ਸਿੰਘ ਦੇ ਮਾਮਲੇ ’ਤੇ ਯੂ ਟਰਨ ਨੂੰ ਲੈ ਕੇ ਸਪੀਕਰ ’ਤੇ ਇਤਰਾਜ਼ ਕੀਤਾ। ਬਾਜਵਾ ਨੇ ਕਿਹਾ ਕਿ ਜਦੋਂ ਸਮੁੱਚੇ ਹਾਊਸ ਦੀ ਸਹਿਮਤੀ ਲੈ ਕੇ ਏਐੱਸਆਈ ਬੋਹੜ ਸਿੰਘ ਦੇ ਮਾਮਲੇ ’ਤੇ ਡੀਜੀਪੀ ਤੋਂ ਰਿਪੋਰਟ ਤਲਬ ਕੀਤੇ ਜਾਣ ਦਾ ਫ਼ੈਸਲਾ ਹੋਇਆ ਸੀ ਤਾਂ ਉਹ (ਸਪੀਕਰ) ਇਸ ਫ਼ੈਸਲੇ ਤੋਂ ਪਲਟਣ ਤੋਂ ਪਹਿਲਾਂ ਮੁੜ ਸਮੁੱਚੇ ਹਾਊਸ ਦੀ ਸਹਿਮਤੀ ਲੈਂਦੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ’ਤੇ ਹਾਊਸ ਦੀ ਕਮੇਟੀ ਬਣਨੀ ਚਾਹੀਦੀ ਹੈ। ਸਪੀਕਰ ਸੰਧਵਾਂ ਨੇ ਬਾਜਵਾ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੇ ਹਾਊਸ ਦੀ ਭਾਵਨਾ ਦੇ ਮੱਦੇਨਜ਼ਰ ਹੀ ਗ੍ਰਹਿ ਸਕੱਤਰ ਤੋਂ ਰਿਪੋਰਟ ਮੰਗੀ ਹੈ। ਏਐੱਸਆਈ ਬੋਹੜ ਸਿੰਘ ਨੇ ਅਕਾਲੀ ਅਤੇ ਕਾਂਗਰਸੀ ਰਾਜ ਵਿਚ ਪੰਜਾਹ-ਪੰਜਾਹ ਹਜ਼ਾਰ ਰਿਸ਼ਵਤ ਲਈ ਸੀ ਅਤੇ ਕੇਸ ਹੁਣ ਮੌਜੂਦਾ ਸਰਕਾਰ ਨੇ ਦਰਜ ਕੀਤਾ ਹੈ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਵੀ ਇਸ ਮਾਮਲੇ ’ਤੇ ਕਿਹਾ ਕਿ ਇਹ ਨਵੀਂ ਪਿਰਤ ਪਾ ਦਿੱਤੀ ਗਈ ਹੈ ਕਿ ਏਐੱਸਆਈ ਦੇ ਮਾਮਲੇ ’ਤੇ ਵਿਧਾਨ ਸਭਾ ਵਿਚ ਵਿਚਾਰ ਚਰਚਾ ਹੋ ਰਹੀ ਹੈ, ਜਿਸ ਕਰਕੇ ਹਾਊਸ ਦੀ ਕੋਈ ਮਰਿਆਦਾ ਨਹੀਂ ਰਹਿ ਗਈ। ਪਰਗਟ ਸਿੰਘ ਨੇ ਕਿਹਾ ਕਿ ਵੱਡੇ ਵੱਡੇ ਅਫ਼ਸਰ ਨਸ਼ੇ ਵੇਚ ਕੇ ਚੱਲਦੇ ਬਣੇ। ਹਾਕਮ ਧਿਰ ਨੇ ਜ਼ੋਰ ਪਾਇਆ ਕਿ ਅਜਿਹੇ ਅਫ਼ਸਰਾਂ ਦੇ ਨਾਮ ਲਏ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨਫਰਤੀ ਅਪਰਾਧ ਦਾ ਪਸਾਰ ਕਰ ਰਹੀ ਹੈ ਅਤੇ ਪੰਜਾਬ ਦੀ ਮੌਜੂਦਾ ਸਰਕਾਰ ਇਸ ਦੀ ਹਮਾਇਤ ਕਰ ਰਹੀ ਹੈ।

## ਮੌਨਸੂਨ ਸੈਸ਼ਨ: ਪੰਜਾਬ ’ਚੋਂ ਗਿਰਦਾਵਰੀ ਸਿਸਟਮ ਦੇ ਖ਼ਾਤਮੇ ਦੀ ਗੂੰਜ

ਚੰਡੀਗੜ੍ਹ– ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਆਖਰੀ ਦਿਨ ਪ੍ਰਸ਼ਨ ਕਾਲ ਦੌਰਾਨ ਪੰਜਾਬ ’ਚ ਗਿਰਦਾਵਰੀ ਸਿਸਟਮ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਉੱਠੀ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਪੁੱਛੇ ਸੁਆਲ ਦੇ ਜੁਆਬ ਵਿਚ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਵਿਚ ਬਕਾਇਆ ਇੰਤਕਾਲਾਂ ਨੂੰ ਨਿਬੇੜਿਆ ਜਾ ਰਿਹਾ ਹੈ ਪ੍ਰੰਤੂ ਉਨ੍ਹਾਂ ‘ਗਿਰਦਾਵਰੀ ਸਿਸਟਮ’ ਖ਼ਤਮ ਕੀਤੇ ਜਾਣ ’ਤੇ ਕੋਈ ਹੁੰਗਾਰਾ ਨਾ ਭਰਿਆ। ਸ੍ਰੀ ਪਠਾਨਮਾਜਰਾ ਨੇ ਕਿਹਾ ਕਿ ਪੰਜਾਬ ਵਿਚ ਇੰਤਕਾਲ ਕੇਸ ਕਈ ਕਈ ਸਾਲਾਂ ਤੋਂ ਰੁਕੇ ਪਏ ਹਨ, ਜਿਸ ਕਰਕੇ ਲੋਕ ਪ੍ਰੇਸ਼ਾਨ ਹੋ ਰਹੇ ਹਨ। ਯੂਪੀ ਤੇ ਬਿਹਾਰ ਦਾ ਮਾਡਲ ਕਾਫ਼ੀ ਚੰਗਾ ਹੈ ਅਤੇ ਮੱਧ ਪ੍ਰਦੇਸ਼ ਤੇ ਯੂਪੀ ਵਿਚ ਗਿਰਦਾਵਰੀ ਸਿਸਟਮ ਨਹੀਂ ਹੈ, ਜਿਸ ਕਰਕੇ ਪੰਜਾਬ ਨੂੰ ਵੀ ਇਹ ਸਿਸਟਮ ਖ਼ਤਮ ਕਰਨਾ ਚਾਹੀਦਾ ਹੈ। ਮਾਲ ਮੰਤਰੀ ਨੇ ਕਿਹਾ ਕਿ ਮਹਿਕਮੇ ਨੇ ਦੋ ਦਿਨਾਂ ਵਿਚ ਮੁਹਿੰਮ ਚਲਾ ਕੇ 85 ਹਜ਼ਾਰ ਇੰਤਕਾਲਾਂ ਦਾ ਨਿਪਟਾਰਾ ਕੀਤਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮਾਲ ਮਹਿਕਮੇ ਦੇ ਜਿਸ ਕਿਸੇ ਸੂਬੇ ਵਿਚ ਚੰਗੇ ਮਾਡਲ ਹਨ, ਉਨ੍ਹਾਂ ਦੀ ਜਾਣਕਾਰੀ ਲੈ ਕੇ ਅਪਣਾ ਲੈਣਾ ਚਾਹੀਦਾ ਹੈ। ਬਠਿੰਡਾ ਤੋਂ ਵਿਧਾਇਕ ਜਗਰੂਪ ਗਿੱਲ ਦੇ ਸੁਆਲ ਦੇ ਜੁਆਬ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਬਠਿੰਡਾ ਤੋਂ ਦਿੱਲੀ ਹਵਾਈ ਅੱਡੇ ਤੱਕ ਵੋਲਵੋ ਬੱਸ ਚਲਾਏ ਜਾਣ ਦੀ ਕੋਈ ਤਜਵੀਜ਼ ਨਹੀਂ ਹੈ। ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਸੁਆਲ ਦੇ ਜੁਆਬ ਵਿਚ ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਰਾਸ਼ਨ ਕਾਰਡਾਂ ਵਿਚ ਨਵੇਂ ਮੈਂਬਰਾਂ ਨੂੰ ਸ਼ਾਮਲ ਇਸ ਕਰਕੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ 1.39 ਕਰੋੜ ਲਾਭਪਾਤਰੀਆਂ ਦਾ ਹੀ ਅਨਾਜ ਦਾ ਕੋਟਾ ਤੈਅ ਕੀਤਾ ਹੈ। ਪਹਿਲਾਂ ਹੀ ਪੰਜਾਬ ਵਿਚ 18 ਲੱਖ ਲਾਭਪਾਤਰੀ ਕੇਂਦਰੀ ਕੋਟੇ ਤੋਂ ਜ਼ਿਆਦਾ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਲਾਭਪਾਤਰੀਆਂ ਦਾ ਕੋਟਾ ਵਧਾਏ ਜਾਣ ਬਾਰੇ ਲਿਖ ਰਹੇ ਹਾਂ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ 842 ਆਮ ਆਦਮੀ ਕਲੀਨਿਕਾਂ ਵਿਚ ਕਰੀਬ ਦੋ ਕਰੋੜ ਲੋਕ ਲਾਭ ਲੈ ਚੁੱਕੇ ਹਨ ਪ੍ਰੰਤੂ ਕੇਂਦਰ ਸਰਕਾਰ ਨੇ ਬਿਨਾਂ ਗੱਲ ਤੋਂ ਕੌਮੀ ਸਿਹਤ ਮਿਸ਼ਨ ਦੇ ਫ਼ੰਡ ਰੋਕ ਰੱਖੇ ਹਨ ਜਿਨ੍ਹਾਂ ਦੀ ਬਹਾਲੀ ਲਈ ਬਾਕੀ ਮੈਂਬਰਾਂ ਨੂੰ ਸਿਆਸਤ ਤੋਂ ਉਪਰ ਉੱਠ ਕੇ ਕੇਂਦਰ ’ਤੇ ਦਬਾਅ ਬਣਾਉਣਾ ਚਾਹੀਦਾ ਹੈ। ਹੈਨਰੀ ਨੇ ਕਿਹਾ ਕਿ ਜੋ ਠੇਕੇਦਾਰੀ ਸਿਸਟਮ ਤਹਿਤ ਮੁਲਾਜ਼ਮ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਨਿਗੂਣੀ ਤਨਖ਼ਾਹ ਮਿਲਦੀ ਹੈ ਜਦੋਂਕਿ ਸਰਕਾਰ ਠੇਕੇਦਾਰ ਨੂੰ ਪ੍ਰਤੀ ਮੁਲਾਜ਼ਮ 54 ਹਜ਼ਾਰ ਦੇ ਰਹੀ ਹੈ। ਮਨਪ੍ਰੀਤ ਇਯਾਲੀ ਨੇ ਸੰਧਵਾਂ ਕੈਨਾਲ ਨਾਲ ਪੈਂਦੀ ਲਿੰਕ ਸੜਕ ਦੀ ਖਸਤਾ ਹਾਲਤ ਦਾ ਮੁੱਦਾ ਚੁੱਕਿਆ।

ਪ੍ਰਸ਼ਨ ਕਾਲ ਵਿਚ ਸੜਕਾਂ ਦੇ ਖਸਤਾ ਹਾਲ ਦੀ ਗੂੰਜ ਪੈਂਦੀ ਰਹੀ। ਪ੍ਰਿੰਸੀਪਲ ਬੁੱਧ ਰਾਮ ਨੇ ਆਪਣੇ ਹਲਕੇ ਵਿਚ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਬਣੀਆਂ ਸੜਕਾਂ ਵਿਚਲੇ ਖੱਡਿਆਂ ਦੀ ਗੱਲ ਕੀਤੀ ਤਾਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿਹਾਤੀ ਵਿਕਾਸ ਫ਼ੰਡ ਰੋਕੇ ਜਾਣ ਕਰਕੇ ਸੜਕਾਂ ਦਾ ਨਵੀਨੀਕਰਨ ਨਹੀਂ ਹੋ ਸਕਿਆ ਹੈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀ ਆਪਣੇ ਹਲਕੇ ਦੀ ਇੱਕ ਸੜਕ ਦਾ ਮਾਮਲਾ ਉਠਾਇਆ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰੀ ਫ਼ੰਡ ਰੋਕੇ ਜਾਣ ਦਾ ਕੋਈ ਬਦਲ ਲੱਭਿਆ ਜਾਵੇ।

# Preetnama

ਪ੍ਰੀਤਨਾਮਾ ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269 | Website: www.preetnama.com Email preetnamausa@gmail.com | 06 TO 12 SEPTEMBER 2024




# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 269

Website: www.preetnama.com Email preetnamausa@gmail.com

06 TO 12 SEPTEMBER 2024


